BRAMPTON Flower City
brampton.ca

media release

ਤੁਰੰਤ ਰਿਲੀਜ ਲਈ

# ਬ੍ਰੈਂਪਟਨ ਦੇ ਆਖ਼ਰੀ ਅਵਿਕਸਿਤ ਖੇਤਰ: ਹੈਰੀਟੇਜ ਹਾਈਟਸ ਨੂੰ ਪੂਰਾ ਕਰਨ ਵਿੱਚ ਮਦਦ ਕਰੋ

ਬ੍ਰੈਂਪਟਨ, ਓਨਟੈਰੀਓ (15 ਨਵੰਬਰ, 2019) – ਸਿਟੀ ਆਫ ਬ੍ਰੈਂਪਟਨ ਸਾਰੇ ਨਿਵਾਸੀਆਂ ਨੂੰ, ਬ੍ਰੈਂਪਟਨ ਦੇ ਆਖ਼ਰੀ ਅਵਿਕਸਿਤ ਖੇਤਰ: ਹੈਰੀਟੇਜ ਹਾਈਟਸ (Heritage Heights) ਲਈ ਯੋਜਨਾਵਾਂ ਬਾਰੇ ਆਪਣੀ ਰਾਏ ਦੇਣ ਲਈ ਸੱਦਾ ਦੇ ਰਹੀ ਹੈ।

ਬ੍ਰੈਂਪਟਨ ਦੇ ਕੁੱਲ ਖੇਤਰ ਵਿੱਚੋਂ 1/16 ਵਿੱਚ ਬਣਿਆ ਹੋਇਆ, ਹੈਰੀਟੇਜ ਹਾਈਟਸ ਨੌਰਥਵੈਸਟ ਬ੍ਰੈਂਪਟਨ ਵਿੱਚ ਸਥਿਤ ਹੈ। ਇਹ ਮੇਫੀਲਡ ਰੋਡ (Mayfield Road) ਤੋਂ ਕ੍ਰੈਡਿਟ ਰਿਵਰ (Credit River) ਵੈਲੀ ਤੱਕ ਅਤੇ ਵਿੰਸਟਨ ਚਰਚਿਲ ਬੁਲੇਵਾਰਡ (Winston Churchill Boulevard) ਤੋਂ ਮਿਸੀਸਾਗਾ ਰੋਡ (Mississauga Road) ਤੱਕ ਫੈਲਿਆ ਹੋਇਆ ਹੈ। ਇਸਨੂੰ ਕੰਮ ਅਤੇ ਰਿਹਾਇਸ਼ ਸਬੰਧੀ ਵਿਕਲਪਾਂ ਵਾਲੀ ਇੱਕ ਸਮੁੱਚੀ, ਪੂਰੀ-ਸੇਵਾ ਵਾਲੀ, ਮਿਸ਼ਰਿਤ-ਵਰਤੋਂ ਵਾਲੀ ਥਾਂ – ਨਵੇਂ ਟਾਊਨ ਸੈਂਟਰ ਲਈ ਪ੍ਰਸਤਾਵਿਤ ਥਾਂ ਦੇ ਤੌਰ ਤੇ ਬ੍ਰੈਂਪਟਨ 2040 ਵਿਜਨ (Brampton 2040 Vision) ਵਿੱਚ ਉਜਾਗਰ ਕੀਤਾ ਗਿਆ ਸੀ। ਬ੍ਰੈਂਪਟਨ ਵਿੱਚ ਤੀਜੀ ਹੈਲਥਕੇਅਰ ਫੈਸਿਲਿਟੀ ਲਈ ਥਾਂ ਦੇ ਤੌਰ ਤੇ ਵੀ ਇਸਦਾ ਪ੍ਰਸਤਾਵ ਰੱਖਿਆ ਗਿਆ ਸੀ।

ਹੈਰੀਟੇਜ ਹਾਈਟਸ ਦੇ ਭਵਿੱਖ ਨੂੰ ਵਿਕਸਿਤ ਕਰਨ ਵਿੱਚ ਮਦਦ ਲਈ, ਸਿਟੀ ਨਵੰਬਰ ਵਿੱਚ ਚਾਰ ਦਿਨਾਂ ਤੱਕ ਬ੍ਰੈਂਪਟਨ ਦੇ ਲੋਕਾਂ ਤੋਂ ਬਹੁਮੁੱਲੀ ਰਾਏ ਮੰਗ ਰਹੀ ਹੈ। ਨਿਵਾਸੀਆਂ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ ਕਿ ਉਹ 26 ਤੋਂ 29 ਨਵੰਬਰ ਨੂੰ ਸਵੇਰੇ 9 ਵਜੇ ਤੋਂ ਰਾਤ 8 ਵਜੇ ਤੱਕ, ਕਿਸੇ ਵੀ ਸਮੇਂ ਕੈਸੀ ਕੈਂਪਬੈਲ ਕਮਿਊਨਿਟੀ ਸੈਂਟਰ (Cassie Campbell Community Centre) ਵਿਖੇ ਵਿਜਨਿੰਗ ਸੈਸ਼ਨ ਵਿੱਚ ਸ਼ਾਮਲ ਹੋਣ। ਸ਼ਾਮਲ ਹੋਣ ਵਾਲਿਆਂ ਕੋਲ ਡਿਸਪਲੇ ਦੇਖਣ, ਯੋਜਨਾਬੰਦੀ ਪ੍ਰਕਿਰਿਆ ਬਾਰੇ ਜਾਣਨ, ਸਿਟੀ ਸਟਾਫ਼ ਤੋਂ ਸਵਾਲ ਪੁੱਛਣ ਅਤੇ ਹੈਰੀਟੇਜ ਹਾਈਟਸ ਬਾਰੇ ਆਪਣੇ ਵਿਚਾਰ ਸਾਂਝੇ ਕਰਨ ਦਾ ਮੌਕਾ ਹੋਵੇਗਾ।

ਖਾਸ ਰੁਚੀਆਂ ਵਾਲੀਆਂ ਕੁਝ ਮਿਆਦਾਂ ਹਨ:

- ਇੱਕ ਖਾਸ ਸ਼ੁਰੂਆਤੀ ਪੇਸ਼ਕਾਰੀ 26 ਨਵੰਬਰ ਨੂੰ ਸ਼ਾਮ 6 ਵਜੇ ਤੋਂ ਰਾਤ 8 ਵਜੇ ਤੱਕ ਹੋਵੇਗੀ
- ਪ੍ਰਗਤੀ ਅੱਪਡੇਟ ਪੇਸ਼ਕਾਰਾਂ 28 ਅਤੇ 29 ਨਵੰਬਰ ਨੂੰ ਸ਼ਾਮ 6 ਵਜੇ ਤੋਂ ਰਾਤ 8 ਵਜੇ ਤੱਕ ਹੋਣਗੀਆਂ
- ਜਨਤਕ ਡਿਜ਼ਾਈਨ ਸੈਸ਼ਨ 26, 28 ਅਤੇ 29 ਨਵੰਬਰ ਨੂੰ ਦੁਪਹਿਰ ਬਾਅਦ 2 ਵਜੇ ਤੋਂ ਸ਼ਾਮ 4 ਵਜੇ ਤੱਕ ਹੋਣਗੇ

ਹੈਰੀਟੇਜ ਹਾਈਟਸ ਬਾਰੇ ਹੋਰ ਜਾਣਕਾਰੀ ਲਈ ਅਤੇ ਵਿਜਨਿੰਗ ਸੈਸ਼ਨ ਦੀ ਪੂਰੀ ਸਮਾਂ ਸੂਚੀ ਲਈ, www.brampton.ca/nwbrampton ਤੇ ਜਾਓ।

**ਹਵਾਲੇ**

“ਹੈਰੀਟੇਜ ਹਾਈਟਸ ਵਿਜਨਿੰਗ ਸੈਸ਼ਨ ਬ੍ਰੈਂਪਟਨ ਵਾਸੀਆਂ ਲਈ, ਸਾਡੇ ਸ਼ਹਿਰ ਦੇ ਆਖ਼ਰੀ ਅਵਿਕਸਿਤ ਖੇਤਰ ਨੂੰ ਕੰਪਲੀਟ ਕਮਿਊਨਿਟੀ ਵਿੱਚ ਬਦਲਣ ਵਿੱਚ ਸ਼ਾਮਲ ਹੋਣ ਦਾ ਸ਼ਾਨਦਾਰ ਮੌਕਾ ਹੈ। ਮੈਂ ਸਾਰਿਆਂ ਨੂੰ ਸ਼ਾਮਲ ਹੋਣ ਅਤੇ ਉਹਨਾਂ ਮੁੱਦਿਆਂ ਬਾਰੇ ਆਪਣੀ ਰਾਏ ਦੇਣ ਲਈ ਉਤਸ਼ਾਹਿਤ ਕਰਦਾ ਹਾਂ, ਜੋ ਉਹਨਾਂ ਲਈ ਸਭ ਤੋਂ ਵੱਧ ਮਹੱਤਵਪੂਰਨ ਹਨ, ਭਾਵੇਂ ਨੌਕਰੀਆਂ ਹੋਣ, ਟ੍ਰਾਂਜ਼ਿਟ, ਹੈਲਥਕੇਅਰ ਜਾਂ ਵਾਤਾਵਰਣ ਹੋਵੇ। ਨਾਲ ਮਿਲ ਕੇ, ਅਸੀਂ ਅਜਿਹੇ ਹੈਰੀਟੇਜ ਹਾਈਟਸ ਦੇ ਨਿਰਮਾਣ ਦੀ ਨੀਂਹ ਰੱਖ ਸਕਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ।”

*- ਮੇਅਰ ਪੈਟਰਿਕ ਬ੍ਰਾਊਨ (Patrick Brown)*

“2040 ਵਿਜਨ ਦਾ ਉਦੇਸ਼ ਸਾਰੇ ਵਿਕਾਸ ਨੂੰ ਧਿਆਨ ਵਿੱਚ ਰੱਖਦੇ ਹੋਏ, ਯੋਜਨਾ ਬਣਾਉਣ ਦੇ ਸਾਡੇ ਤਰੀਕੇ ਵਿੱਚ ਅਸਲੀ ਤਬਦੀਲੀ ਲਿਆਉਣਾ ਹੈ। ਸਟੇਕਹੋਲਡਰਾਂ ਅਤੇ ਹਰ ਅਨੁਭਵ ਅਤੇ ਪਿਛੋਕੜ ਵਾਲੇ ਨਿਵਾਸੀਆਂ ਦੇ ਨਾਲ ਮਿਲ ਕੇ ਕੰਮ ਕਰਦੇ ਹੋਏ, ਸਾਡਾ ਟੀਚਾ ਅਜਿਹਾ ‘ਸੰਪੂਰਨ’ ਬ੍ਰੈਂਪਟਨ ਬਣਾਉਣਾ ਹੈ, ਜੋ ਇੱਥੇ ਰਹਿਣ ਵਾਲੇ ਲੋਕਾਂ ਦੀਆਂ ਇੱਛਾਵਾਂ ਅਤੇ ਲੋੜਾਂ ਨੂੰ ਦਰਸਾਉਂਦਾ ਹੋਵੇ।”

*- ਰੀਜਨਲ ਕਾਉਂਸਲਰ ਮਾਰਟਿਨ ਮੇਡੇਇਰੋਸ (Martin Medeiros), ਚੇਅਰ, ਪਲਾਨਿੰਗ ਐਂਡ ਡੈਵਲੈਪਮੈਂਟ ਕਮਿਟੀ*

media release

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**

ਮੋਨਿਕਾ ਦੁੱਗਲ (Monika Duggal)

ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ

ਸਟ੍ਰੈਟਜਿਕ ਕਮਿਉਨਿਕੇਸ਼ਨ

ਸਿਟੀ ਆਫ ਬ੍ਰੈਂਪਟਨ

905-874-3426 | Monika.Duggal@brampton.ca